**Mr. Paramjit Singh Gill**
**Deputy Registrar**
(Student Welfare)

**I.K.GujralPunjab Technical University**
Jalandhar- Kapurthala Highway, Kapurthala
Phone No. 9478098033

Ref. No. IKGPTU/DR/SW - 1140 Date: 29-10-25

ਪ੍ਰਿੰਸੀਪਲ/ਡਾਇਰੈਕਟਰ
ਆਈ.ਕੇ.ਜੀ.ਪੀ.ਟੀ.ਯੂ. ਨਾਲ ਸਬੰਧਿਤ ਸਾਰੇ Non-AICTE ਕਾਲਜ ਅਤੇ ਸਾਰੇ ਆਈ.ਕੇ.ਜੀ.ਪੀ.ਟੀ.ਯੂ.ਕੈਂਪਸ

ਵਿਸ਼ਾ: ਸਾਲ 2022-23, 2023-24 ਅਤੇ 2024-25 ਦੌਰਾਨ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ / Bank Error ਦਰੁਸਤ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ ਵਲੋਂ ਜਾਰੀ ਪੱਤਰ ਨੰ: ਮੀਮੋ ਨੰ: 290-320 ਮਿਤੀ 28-10-2025 ਪ੍ਰਾਪਤ ਹੋਇਆ ਹੈ, ਜਿਸ ਵਿੱਚ ਹੇਠ ਦਰਸਾਏ ਸ਼ਡਿਊਲ ਵਿੱਚ ਦਰਸਾਈ ਮਿਤੀ ਤੱਕ ਸਾਲ 2022-23, 2023-24 ਅਤੇ 2024-25 ਦੌਰਾਨ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ / Bank Error ਦਰੁਸਤ ਕਰਵਾਉਣ ਸਬੰਧੀ ਲਿਖਿਆ ਗਿਆ ਹੈ ਅਤੇ ਹਦਾਇਤ ਕੀਤੀ ਗਈ ਹੈ ਕਿ ਜੇਕਰ ਇਹਨਾਂ ਮਿਤੀਆਂ ਤੱਕ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਨਾਲ ਸੀਡਡ ਨਹੀਂ ਹੁੰਦੇ ਜਾਂ Bank Error ਦੂਰ ਨਹੀਂ ਕੀਤੇ ਜਾਂਦੇ ਤਾਂ ਇਹਨਾਂ ਮਿਤੀਆਂ ਤੋਂ ਬਾਅਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਨਹੀਂ ਹੋ ਸਕੇਗੀ:-

| Academic Year | Cutt off Date for accepting state share paid data at Central Portal |
|---|---|
| AY 2022-23 | 31st October 2025 |
| AY 2023-24 | 30th November 2025 |
| AY 2024-25 | 31st December 2025 |

ਇਸ ਤੋਂ ਇਲਾਵਾ ਡਾ: ਬੀ. ਆਰ. ਸਕਾਲਰਸ਼ਿਪ ਪੋਰਟਲ ਤੇ ਪੈਂਡਿੰਗ ਪਈਆਂ ਐਪਲੀਕੇਸ਼ਨਾਂ ਨੂੰ ਚੈੱਕ ਕਰਨ ਉਪਰੰਤ ਤਰੁੰਤ ਫਾਰਵਰਡ ਕਰਨ ਸਬੰਧੀ ਨਿਰਦੇਸ਼ ਦਿੱਤੇ ਗਏ ਹਨ ਅਤੇ ਡਾਇਰੈਕਟਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਚੰਡੀਗੜ੍ਹ ਵਲੋਂ ਸਮੂਹ ਨੋਡਲ ਅਫਸਰਾਂ ਨਾਲ ਮਿਤੀ 28-10-2025 ਵੀਡੀਓ ਕਾਨਫਰੰਸ ਰਾਹੀਂ ਮੀਟਿੰਗ ਵੀ ਕੀਤੀ ਗਈ।

ਉਪਰੋਕਤ ਸਬੰਧੀ ਆਪਜੀ ਨੂੰ ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਵਲੋਂ ਈ-ਮੇਲ ਦੁਆਰਾ ਪੱਤਰ ਨੰ: IKGPTU/DR/SW/1103 ਮਿਤੀ 08-09-2025,ਪੱਤਰ ਨੰ: IKGPTU/DR/SW/1126 ਮਿਤੀ 09-10-2025 ਅਤੇ ਪੱਤਰ ਨੰ: IKGPTU/DR/SW/1127 ਮਿਤੀ 14-10-2025 ਭੇਜੇ ਜਾ ਚੁੱਕੇ ਹਨ, ਇਸ ਸਬੰਧੀ ਟੈਲੀਫੋਨ ਦੁਆਰਾ ਵੀ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਪਰੰਤੂ ਕੁਝ ਸੰਸਥਾਵਾਂ ਵਲੋਂ ਬਣਦੀ ਕਾਰਵਾਈ ਕਰਨ ਉਪਰੰਤ ਡਾਟਾ ਅੱਜ ਤੱਕ ਨਹੀਂ ਭੇਜਿਆ ਗਿਆ ਹੈ।

**ਉਪਰੋਕਤ ਅਨੁਸਾਰ ਸਾਲ 2022-23, 2023-24 ਅਤੇ 2024-25 ਦਾ ਪ੍ਰਾਪਤ ਡਾਟਾ ਆਪਜੀ ਨੂੰ ਇੱਕ ਵਾਰ ਫਿਰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਸਾਈ ਮਿਤੀ ਤੱਕ ਬਣਦੀ ਕਾਰਵਾਈ ਕਰਨ ਉਪਰੰਤ ਆਪਣੀ ਸੰਸਥਾ ਨਾਲ ਸਬੰਧਿਤ ਡਾਟਾ ਦਰੁਸਤ ਕਰਵਾਉਣ/ਡਰਾਪ ਆਉਟ/ਵਿਦਿਆਰਥੀ ਪਹੁੰਚ ਤੋਂ ਬਾਹਰ ਹੋਣ ਸਬੰਧੀ ਰਿਮਾਕਸ ਦਰਸਾਉਂਦੇ ਹੋਏ ਨਿਰਧਾਰਿਤ ਮਿਤੀ ਤੱਕ ਜਾ ਪਹਿਲਾਂ collegesfc@ptu.ac.in ਤੇ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਡਾ: ਬੀ. ਆਰ. ਸਕਾਲਰਸ਼ਿਪ ਪੋਰਟਲ ਤੇ ਪੈਂਡਿੰਗ ਪਈਆਂ ਐਪਲੀਕੇਸ਼ਨਾਂ ਨੂੰ ਤਰੁੰਤ ਫਾਰਵਰਡ ਕਰਨਾ ਯਕੀਨੀ ਬਣਾਇਆ ਜਾਵੇ।**

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਨਿਰਧਾਰਿਤ ਮਿਤੀ ਤੋਂ ਬਾਅਦ ਜੇਕਰ ਕਿਸੇ ਵਿਦਿਆਰਥੀ ਦੀ ਅਦਾਇਗੀ Aadhaar not Seeded ਹੋਣ ਕਾਰਣ ਅਤੇ Bank Error ਕਾਰਣ ਨਹੀਂ ਹੁੰਦੀ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਆਪਜੀ ਦੀ ਸੰਸਥਾ/ਸਬੰਧਿਤ ਵਿਦਿਆਰਥੀ ਦੀ ਹੋਵੇਗੀ।

29/10/25
ਡਿਪਟੀ ਰਜਿਸਟਰਾਰ
(ਵਿਦਿਆਰਥੀ ਭਲਾਈ ਵਿਭਾਗ)

ਉਤਾਰਾ: ਡੀਨ (ਵਿਦਿਆਰਥੀ ਭਲਾਈ ਵਿਭਾਗ)

ਅਤਿ ਜਰੂਰੀ
ਸਮਾਂ ਬੱਧ

ਵਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
(ਤਕਨੀਕੀ ਸਿਖਿਆ ਵਿੰਗ) ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ,

ਨੋਡਲ ਅਫਸਰ/ਰਜਿਸਟਰਾਰ

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਮਹਾਰਾਜਾ ਰਣਜੀਤ ਸਿੰਘ ਸਟੇਟ ਟੈਕਨੀਕਲ, ਯੂਨੀਵਰਸਿਟੀ, ਬਠਿੰਡਾ।
3 ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ।
4. ਸ਼ਹੀਦ ਭਗਤ ਸਿੰਘ ਸਟੇਟ ਯੂਨੀਵਰਸਿਟੀ, ਫਿਰੋਜ਼ਪੁਰ।
5. ਡਾ: ਬੀ.ਆਰ. ਅੰਬੇਦਕਰ ਨੈਸ਼ਨਲ ਇਸ: ਆਫ ਟੈਕ: ਜਲੰਧਰ।
6. ਇੰਡੀਅਨ ਇੰਸ: ਆਫ ਟੈਕ:, ਰੋਪੜ।
7 ਸੰਤ ਲੋਗੋਵਾਲ ਇੰਸ: ਆਫ ਇੰਜੀ: ਅਤੇ ਟੈਕ:, ਸੰਗਰੂਰ।
8 ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
9 ਥਾਪਰ ਇੰਸ ਆਫ ਇੰਜਾਂ ਐਂਡ ਟੈਕਨਾਲੋਜੀ, ਪਟਿਆਲਾ।
10. ਸੈਂਟਰਲ ਇੰਸ: ਆਫ ਪਲਾਸਟਿਕ ਇੰਸ: ਐਂਡ ਟੈਕਨਾਲੋਜੀ, ਅੰਮ੍ਰਿਤਸਰ।
11-28 ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ, ਬਟਾਲਾ, ਬਹਿਰਾਮ, ਬੇਗਵਾਲ, ਬਰੇਟਾ, ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ, ਫਤੂਹੀਖੇੜਾ, ਰਾਂਣਵਾ, ਖੂਨੀਮਾਜਰਾ, ਕੋਟਕਪੂਰਾ, ਫਿਰੋਜਪੁਰ, ਬਡਬਰ , ਤਲਵਾੜਾ, ਪਟਿਆਲਾ ਅਤੇ ਰੋਪੜ ।
29-32 ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ ਲੜਕੀਆਂ, ਅਮ੍ਰਿਤਸਰ, ਜਲੰਧਰ, ਦੀਨਾਨਗਰ, ,ਲੁਧਿਆਣਾ ।
33 ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ:,ਲੁਧਿਆਣਾ।

ਮੀਮੋ ਨੰ: 290-320 /ਸਕਾਲਰਸਿਪ ਮਿਤੀ: 28-10-2025

ਵਿਸ਼ਾ: ਸਾਲ 2022-23, 2023-24 ਅਤੇ 2024-25 ਦੌਰਾਨ ਵਿਦਿਆਰਥੀਆਂ ਦੇ ਖਾਤੇ ਆਧਾਰ ਸੀਡਡ / ਬੈਂਕ Error ਦਰੁੱਸਤ ਕਰਵਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਮਿਤੀ 27.10.2025 ਨੂੰ ਪ੍ਰਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀ ਪ੍ਰਧਾਨਗੀ ਹੇਠ ਲਾਈਨ ਵਿਭਾਗਾਂ ਦੇ ਪ੍ਰਸ਼ਾਸਕੀ ਸਕੱਤਰਾਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪ੍ਰਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋ ਉਪਰੋਕਤ ਸਾਲਾ ਦੇ ਵਿਦਿਆਰਥੀਆਂ ਦੇ ਬੈਂਕ ਖਾਤੇ ਨੂੰ ਹੇਠ ਦਰਸਾਏ ਸ਼ਡਿਊਲ ਵਿੱਚ ਦਰਸਾਈ ਮਿਤੀ ਤੱਕ ਅਧਾਰ ਸੀਡਡ/ ਬੈਂਕ Error ਠੀਕ ਕਰਵਾਉਣ ਸਬੰਧੀ ਗੰਭੀਰ ਨੋਟਿਸ ਲਿਦਿਆਂ ਕਿਹਾ ਗਿਆ ਹੈ ਕਿ ਜੇਕਰ ਇਨ੍ਹਾਂ ਮਿਤੀਆਂ ਤੱਕ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਨਾਲ ਸੀਡਡ ਨਹੀਂ ਹੁੰਦੇ ਜਾਂ ਬੈਂਕ Error ਦੂਰ ਨਹੀ ਕੀਤੇ ਜਾਂਦੇ ਤਾਂ ਇਨ੍ਹਾਂ ਮਿਤੀਆਂ ਤੋਂ ਬਾਅਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੀ ਅਦਾਇਗੀ ਨਹੀਂ ਹੋ ਸਕੇਗੀ:-

| Academic Year | Cutt off Date for accepting state share paid data at Central Portal |
|---|---|
| AY 2022-23 | 31th October ,2025 |
| AY 2023-24 | 30Th Novermber, 2025 |
| AY 2024-25 | 31December,2025 |

ਇਸ ਤੋਂ ਇਲਾਵਾ ਪ੍ਰਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਡਾ. ਬੀ. ਆਰ . ਅੰਬੇਡਕਰ ਸਕਾਲਰਸਿਪ ਪੋਰਟਲ ਤੇ ਪੈਡਿੰਗ ਪਈਆਂ ਐਪਲੀਕੇਸ਼ਨਾਂ ਨੂੰ ਚੈੱਕ ਕਰਨ ਉਪਰੰਤ ਤੁਰੰਤ ਫਾਰਵਰਡ ਕਰਨ ਦੇ ਨਿਰਦੇਸ਼ ਦਿੱਤੇ ਹਨ।

2. ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਦੇ ਬੈਂਕ ਖਾਤੇ ਆਧਾਰ ਸੀਡਡ /ਬੈਂਕ Error ਦੂਰ ਕਰਵਾਉਣ ਲਈ ਵਿਦਿਆਰਥੀ ਨਾਲ ਨਿਜੀ ਤੌਰ ਤੇ ਤਾਲਮੇਲ ਕੀਤਾ ਜਾਵੇ। ਉਪਰੋਕਤ ਟੇਬਲ ਵਿੱਚ ਦਰਸਾਏ ਪੇਅਮੈਂਟ ਕੱਟ ਆਫ ਸ਼ਿਡਿਊਲ ਅਤੇ ਨਾਲ ਨੱਥੀ ਨਾਨ ਅਧਾਰ ਸੀਡਡ ਵਿਦਿਆਰਥੀਆਂ ਦੀ ਲਿਸਟ ਸਬੰਧੀ ਸੰਸਥਾ ਦੀ ਵੈਬਸਾਈਟ ਅਤੇ ਹੋਰ ਸੰਚਾਰ ਸਾਧਨ ਨਾਲ ਜੰਗੀ ਪੱਧਰ ਤੇ ਵਿਦਿਆਰਥੀਆਂ ਨੂੰ ਜਾਗਰੂਕ ਕਰਦੇ ਹੋਏ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰਵਾਇਆ ਜਾਵੇ। ਜੇਕਰ ਕੋਈ ਯੋਗ ਵਿਦਿਆਰਥੀ ਬੈਂਕ ਅਕਾਉਂਟ ਅਧਾਰ ਸੀਡਡ ਨਾ ਹੋਣ ਕਾਰਨ ਜਾਂ ਬੈਂਕ ਅਕਾਉਂਟ ਵਿੱਚ Error ਹੋਣ ਕਾਰਨ ਅਦਾਇਗੀ ਤੋਂ ਵਾਂਝਾ ਰਹਿ ਜਾਂਦਾ ਹੈ ਜਾਂ ਇਸ ਸਬੰਧ ਵਿੱਚ ਕੋਈ ਕੋਰਟ ਕੇਸ ਹੁੰਦਾ ਹੈ ਤਾਂ ਇਸ ਦੀ ਜਿਮੇਂਵਾਰੀ ਸਬੰਧਤ ਸੰਸਥਾ ਦੀ ਹੋਵੇਗੀ।

3. ਇਸ ਦੇ ਨਾਲ ਆਪ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਡਾ. ਬੀ. ਆਰ. ਅੰਬੇਡਕਰ ਸਕਾਲਰਸ਼ਿਪ ਪੋਰਟਲ ਤੇ ਅੱਜ ਦੀ ਮਿਤੀ ਤੱਕ ਕੁਲ 38204 ਐਪਲੀਕੇਸ਼ਨਾਂ ਆਈਆਂ ਹਨ, ਜਿਸ ਵਿੱਚ ਕੇਵਲ 18175 ਐਪਲੀਕੇਸ਼ਨਾਂ ਹੀ ਸੰਸਥਾਵਾਂ ਵੱਲੋਂ ਫਾਰਵਰਡ ਕੀਤੀਆਂ ਗਈਆਂ ਹਨ। ਲਗਭਗ 20000 ਐਪਲੀਕੇਸ਼ਨਾਂ ਸੰਸਥਾਵਾਂ ਦੇ ਪੱਧਰ ਤੇ ਹੀ ਪੈਂਡਿੰਗ ਪਈਆਂ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੇ ਪੱਤਰ ਮਿਤੀ 09.10.2025 ਰਾਹੀਂ ਜਾਰੀ ਕੀਤੇ ਗਏ ਸ਼ਡਿਊਲ ਅਨੁਸਾਰ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਦੀ ਆਖ਼ਰੀ **ਮਿਤੀ 31.10.2025** ਹੈ ਅਤੇ ਸੰਸਥਾਵਾਂ ਵੱਲੋਂ ਐਪਲੀਕੇਸ਼ਨ ਸੈਕਸ਼ਨਿੰਗ ਅਥਾਰਟੀਆਂ ਨੂੰ ਫਾਰਵਰਡ ਕਰਨ ਦੀ ਆਖ਼ਰੀ **ਮਿਤੀ 09.11.2025 ਹੈ।** ਜਿਸ ਸਬੰਧੀ ਆਪ ਨੂੰ ਪਹਿਲਾਂ ਹੀ ਇਸ ਵਿਭਾਗ ਦੇ ਪੱਤਰ ਮਿਤੀ 17.10.2025 ਰਾਹੀਂ ਸੂਚਿਤ ਕੀਤਾ ਹੋਇਆ ਹੈ।

4. ਇਸ ਵਿਭਾਗ ਦੇ ਵੱਖ ਵੱਖ ਪੱਤਰ ਮਿਤੀ 08.09.2025, ਮਿਤੀ 06.10.2025 ਅਤੇ ਮਿਤੀ 14.10.2025 ਰਾਹੀਂ ਸਾਲ 2022-23, 2023-24,2024-25 ਦੇ ਵਿਦਿਆਰਥੀਆਂ ਦੇ ਅਕਾਊਂਟ ਅਧਾਰ ਸੀਡਡ ਕਰਵਾਉਣ ਅਤੇ ਬੈਂਕ Error ਦਰੁੱਸਤ ਕਰਵਾਉਣ ਸਬੰਧੀ ਪਹਿਲਾਂ ਹੀ ਲਿਖਿਆ ਹੋਇਆ ਹੈ। ਪ੍ਰੰਤੂ ਡਰਾਪ ਆਉਟ ਵਿਦਿਆਰਥੀਆਂ ਨੂੰ ਛੱਡ ਕੇ ਅਜੇ ਵੀ ਕੁਝ ਵਿਦਿਆਰਥੀਆਂ ਦੇ ਬੈਂਕ ਅਕਾਉਂਟ ਅਧਾਰ ਸੀਡਡ/ਦਰੁੱਸਤ ਕਰਵਾਉਣੇ ਰਹਿੰਦੇ ਹਨ (ਲਿਸਟ ਨਾਲ ਨੱਥੀ ਹੈ)।

4. ਉਪਰੋਕਤ ਸਬੰਧੀ ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਜੀ ਵੱਲੋਂ ਸਮੂਹ ਨੋਡਲ ਅਫਸਰਾਂ ਦੀ ਮਿਤੀ 28.10.2025 ਨੂੰ ਸ਼ਾਮ 4.00 ਵਜੇ ਵੀਡਿਓ ਕਾਂਨਫਰੰਸ ਰਾਹੀਂ ਰੀਵਿਊ ਮੀਟਿੰਗ ਲਈ ਜਾਣੀ ਹੈ। ਮੀਟਿੰਗ ਵਿੱਚ ਸ਼ਾਮਲ ਹੋਣਾ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ,
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ
ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: 321-323 /ਸਕਾਲਰਸ਼ਿਪ ਮਿਤੀ: 28-10-2025

ਉਪਰਕੋਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪ੍ਰਮੁੱਖ ਸਕੱਤਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ।
2. ਸਕੱਤਰ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ।
3. ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ।

ਸੁਪਰਡੰਟ,
ਵਾ: ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਪੰਜਾਬ, ਚੰਡੀਗੜ੍ਹ।